ਨਿਊਜ਼ ਰਿਲੀਜ਼

# ਅਲਬਰਟਾ ਵਾਸੀਆਂ ਲਈ ਕੰਮ ਕਰਨ ਦੇ ਵਧੇਰੇ ਸਿਹਤਮੰਦ, ਵਧੇਰੇ ਸੁਰੱਖਿਅਤ ਸਥਾਨਾਂ ਦਾ ਨਿਰਮਾਣ ਕਰਨਾ

15 ਦਸੰਬਰ, 2022

## ਅਲਬਰਟਾ ਦੇ ਆਕਿਊਪੇਸ਼ਨਲ ਹੈਲਥ ਐਂਡ ਸੇਫਟੀ ਕੋਡ (ਵਿਵਸਾਇਕ ਸਿਹਤ ਅਤੇ ਸੁਰੱਖਿਆ ਜ਼ਾਬਤੇ) ਵਿੱਚ ਕੀਤੇ ਗਏ ਅੱਪਡੇਟ, ਅਲਬਰਟਾ ਦੇ ਵਰਕਰਾਂ ਅਤੇ ਰੁਜ਼ਗਾਰਦਾਤਾਵਾਂ ਲਈ ਬਿਹਤਰ ਸਹਾਇਤਾ ਦੀ ਪੇਸ਼ਕਸ਼ ਕਰਦੇ ਹੋਏ ਨਿਯਮਾਂ ਨੂੰ ਸਮਝਣਾ ਆਸਾਨ ਬਣਾ ਦੇਣਗੇ।

ਰੁਜ਼ਗਾਰਦਾਤਾਵਾਂ, ਕਰਮਚਾਰੀਆਂ ਅਤੇ ਸਿਹਤ ਅਤੇ ਸੁਰੱਖਿਆ ਪੇਸ਼ੇਵਰਾਂ ਨਾਲ ਵਿਆਪਕ ਸਲਾਹ-ਮਸ਼ਵਰੇ ਤੋਂ ਬਾਅਦ, ਅਲਬਰਟਾ ਦੀ ਸਰਕਾਰ ਆਕਿਊਪੇਸ਼ਨਲ ਹੈਲਥ ਐਂਡ ਸੇਫਟੀ ਕੋਡ (OHS ਕੋਡ) ਦੇ ਹਿੱਸਿਆਂ ਵਿੱਚ ਤਬਦੀਲੀਆਂ ਨੂੰ ਲਾਗੂ ਕਰੇਗੀ। ਤਬਦੀਲੀਆਂ 31 ਮਾਰਚ, 2023 ਤੋਂ ਪ੍ਰਭਾਵੀ ਹੋਣਗੀਆਂ।

ਇੱਕ ਅੱਪਡੇਟ ਕੀਤਾ ਗਿਆ ਅਤੇ ਸਮਝਣ ਵਿੱਚ ਆਸਾਨ OHS ਕੋਡ ਰੁਜ਼ਗਾਰਦਾਤਾਵਾਂ ਨੂੰ ਕਰਮਚਾਰੀਆਂ ਨੂੰ ਸੁਰੱਖਿਅਤ ਰੱਖਣ, ਨੌਕਰੀਆਂ ਦਾ ਸਮਰਥਨ ਕਰਨ ਵਾਲੇ ਕਾਰਜ ਸਥਾਨ ਬਣਾਉਣ, ਨਿਵੇਸ਼ ਨੂੰ ਆਕਰਸ਼ਿਤ ਕਰਨ ਅਤੇ ਅਲਬਰਟਾ ਦੀ ਆਰਥਿਕਤਾ ਨੂੰ ਵਧਾਉਣ ਵਿੱਚ ਮਦਦ ਕਰੇਗਾ।

ਇਹ ਬਹੁਤ ਮਹੱਤਵਪੂਰਨ ਹੈ ਕਿ ਨਿਯਮ ਅਲਬਰਟਾ ਦੇ ਆਧੁਨਿਕ ਕਾਰਜਬਲ ਦੇ ਨਾਲ ਮੇਲ ਖਾਂਦੇ ਰਹਿਣ। 2009 ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ OHS ਨੂੰ ਮਹੱਤਵਪੂਰਨ ਤੌਰ 'ਤੇ ਅੱਪਡੇਟ ਕੀਤਾ ਗਿਆ ਹੈ, ਅਤੇ ਪਹਿਲਕਦਮੀ ਨੂੰ ਸਾਰੇ ਉਦਯੋਗਾਂ ਦੇ ਭਾਈਵਾਲਾਂ ਤੋਂ ਭਾਰੀ ਸਮਰਥਨ ਪ੍ਰਾਪਤ ਹੋਇਆ ਹੈ।

ਕੋਡ ਵਿੱਚ ਤਬਦੀਲੀਆਂ ਬਿਹਤਰੀਨ ਵਿਹਾਰਾਂ, ਆਧੁਨਿਕ ਮਿਆਰਾਂ ਅਤੇ ਤਕਨਾਲੋਜੀ ਨਾਲ ਮੇਲ ਖਾਂਦੀਆਂ ਹਨ, ਅਤੇ ਅਲਬਰਟਾ ਨੂੰ ਹੋਰ ਕੈਨੇਡੀਅਨ ਅਧਿਕਾਰ ਖੇਤਰਾਂ ਦੇ ਬਰਾਬਰ ਰੱਖਦੀਆਂ ਹਨ। ਕੋਡ ਵਿੱਚ ਤਬਦੀਲੀਆਂ ਕਰਦੇ ਹੋਏ, ਅਲਬਰਟਾ ਦੀ ਸਰਕਾਰ ਨੇ ਉਹਨਾਂ ਹਿੱਸਿਆਂ 'ਤੇ ਧਿਆਨ ਕੇਂਦ੍ਰਿਤ ਕੀਤਾ ਜਿਨ੍ਹਾਂ ਨੂੰ ਸਭ ਤੋਂ ਤੁਰੰਤ ਅੱਪਡੇਟ ਕਰਨ ਦੀ ਲੋੜ ਸੀ।

OHS ਕੋਡ ਦੇ ਅੱਪਡੇਟਾਂ ਵਿੱਚ ਅੱਠ ਅੱਪਡੇਟ ਕੀਤੇ ਭਾਗਾਂ ਵਿੱਚ ਭਾਸ਼ਾ ਨੂੰ ਇਕਸਾਰ ਬਣਾਉਣਾ, ਦੁਹਰਾਓ ਨੂੰ ਘਟਾਉਣਾ ਅਤੇ ਬਿਹਤਰੀਨ ਵਿਹਾਰਾਂ ਨੂੰ ਅਪਣਾਉਣਾ ਸ਼ਾਮਲ ਹੈ। ਤਬਦੀਲੀਆਂ ਰੁਜ਼ਗਾਰਦਾਤਾਵਾਂ ਅਤੇ ਕਰਮਚਾਰੀਆਂ ਨੂੰ ਉਹ ਸਾਧਨ ਪ੍ਰਦਾਨ ਕਰਨਗੀਆਂ ਜੋ ਉਹਨਾਂ ਨੂੰ ਕੰਮ ਕਰਨ ਦੀ ਸਿਹਤਮੰਦ, ਸੁਰੱਖਿਅਤ ਥਾਂ ਬਣਾਉਣ ਲਈ ਲੋੜੀਂਦੇ ਹਨ।

## ਅਹਿਮ ਤੱਥ

- ਇਹ ਕੋਡ *ਆਕਿਊਪੇਸ਼ਨਲ ਹੈਲਥ ਐਂਡ ਸੇਫਟੀ ਐਕਟ* (OHS ਐਕਟ) ਦਾ ਇੱਕ ਵਿਨਿਯਮ ਹੈ ਅਤੇ ਇਸ ਵਿੱਚ ਕੰਮ ਕਰਨ ਦੇ ਸਥਾਨਾਂ 'ਤੇ ਸਿਹਤ ਅਤੇ ਸੁਰੱਖਿਆ ਦੇ ਖ਼ਤਰਿਆਂ ਨੂੰ ਕੰਟ੍ਰੋਲ ਕਰਨ ਲਈ ਵਿਸਤ੍ਰਿਤ ਤਕਨੀਕੀ ਲੋੜਾਂ ਸ਼ਾਮਲ ਹਨ।
- ਅਲਬਰਟਾ ਦੀ ਸਰਕਾਰ ਨੇ ਰੁਜ਼ਗਾਰਦਾਤਾਵਾਂ, ਕਰਮਚਾਰੀਆਂ ਅਤੇ ਸਿਹਤ ਅਤੇ ਸੁਰੱਖਿਆ ਪੇਸ਼ੇਵਰਾਂ ਨਾਲ ਵਿਆਪਕ ਤੌਰ 'ਤੇ ਸਲਾਹ-ਮਸ਼ਵਰਾ ਕੀਤਾ, ਜਿਸ ਵਿੱਚ ਤਕਨੀਕੀ ਕਾਰਜ ਸਮੂਹਾਂ ਅਤੇ ਇੱਕ ਔਨਲਾਈਨ ਜਨਤਕ ਸਰਵੇਖਣ ਦੀ ਵਰਤੋਂ ਸ਼ਾਮਲ ਹੈ।
  - ਬਸੰਤ 2021 ਵਿੱਚ, ਔਨਲਾਈਨ ਜਨਤਕ ਸਰਵੇਖਣ ਨੂੰ 1,200 ਤੋਂ ਵੱਧ ਜਵਾਬ ਮਿਲੇ ਹਨ। ਉੱਤਰ ਦੇਣ ਵਾਲਿਆਂ ਨੇ ਰੁਜ਼ਗਾਰਦਾਤਾਵਾਂ, ਉਦਯੋਗ, ਮਜ਼ਦੂਰਾਂ, ਕਾਮਿਆਂ, ਅਤੇ ਸਿਹਤ ਅਤੇ ਸੁਰੱਖਿਆ ਪੇਸ਼ੇਵਰਾਂ ਸਮੇਤ ਕਈ ਸਮੂਹਾਂ ਦੀ ਨੁਮਾਇੰਦਗੀ ਕੀਤੀ।
  - OHS ਪੇਸ਼ੇਵਰਾਂ ਨੇ ਵੱਧ ਚੜ੍ਹ ਕੇ (86 ਪ੍ਰਤੀਸ਼ਤ) ਤਬਦੀਲੀਆਂ ਨੂੰ ਮਨਜ਼ੂਰੀ ਦਿੱਤੀ।
- ਅਗਲੀ ਵਾਰ OHS ਕੋਡ ਦੇ ਕਿਹੜੇ ਹਿੱਸਿਆਂ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਇਹ ਯਕੀਨੀ ਬਣਾਉਣ ਲਈ ਕਿ OHS ਕੋਡ ਨੂੰ ਨਵੀਨਤਮ ਰੱਖਿਆ ਜਾਵੇ, ਇਹ ਨਿਯਤ ਕਰਨ ਲਈ ਇੱਕ ਤਿੰਨ ਸਾਲਾਂ ਦੀ ਸਮੀਖਿਆ ਯੋਜਨਾ ਹੁਣ ਲਾਗੂ ਕਰ ਦਿੱਤੀ ਗਈ ਹੈ।

## ਸੰਬੰਧਿਤ ਜਾਣਕਾਰੀ

- OHS ਐਕਟ, ਰੈਗੂਲੇਸ਼ਨ ਅਤੇ ਕੋਡ
- OHS ਕੋਡ ਵਿੱਚ ਤਬਦੀਲੀਆਂ
- OHS ਕੋਡ ਦੀ ਸਮੀਖਿਆ

ਵਰਗੀਕਰਨ: ਜਨਤਕ